①

## ਭੂਮਿਕਾ

'ਰਹਿਤਨਾਮਾ ਭਾਈ ਚਉਪਾ ਸਿੰਘ' ਸਿੱਖਾਂ ਦੀ ਇੱਕ ਪ੍ਰਸਿੱਧ ਰਚਨਾ ਹੈ, ਜਿਸਨੂੰ 'ਰਹਿਤਨਾਮਾ ਹਜ਼ੂਰੀ' ਅਤੇ 'ਰਹਿਤਨਾਮਾ ਬੁਧਿ ਬਿਬੇਕ' ਦੇ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ। ਅਨੇਕ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਵਿੱਚ ਇਸ ਵਿੱਚੋਂ ਹਵਾਲੇ ਦੇ ਕੇ ਆਪਣੇ ਵੀਚਾਰਾਂ ਦੀ ਪ੍ਰੋੜ੍ਹਤਾ ਕੀਤੀ ਹੈ।

ਜਦਕਿ ਅਸਲ ਲਿੱਖਤ ਸਾਡੇ ਕੋਲ ਮੌਜੂਦ ਨਹੀਂ ਹੈ, ਇਹ ਨਿਸ਼ਚਿਤ ਰੂਪ ਨਾਲ ਕੁੱਝ ਨਹੀਂ ਕਿਹਾ ਜਾ ਸਕਦਾ ਕਿ ਅਸਲ ਲਿੱਖਤ ਦਾ ਰੂਪ ਕੀ ਸੀ। ਫਿਰ ਵੀ, ਕਿਉਂਕਿ ਇਹ ਇੱਕ ਇਤਿਹਾਸਿਕ ਰਚਨਾ ਹੈ, ਇਸ ਬਾਰੇ ਜਾਣਨ ਦੀ ਰੁਚੀ ਹਮੇਸ਼ਾ ਹੀ ਜਿਗਿਆਸੂਆਂ ਦੇ ਮਨ ਵਿੱਚ ਬਣੀ ਰਹੀ ਹੈ।

ਜੋ ਵਿਦਿਆਰਥੀ 'ਰਹਿਤਨਾਮਾ ਭਾਈ ਚਉਪਾ ਸਿੰਘ' ਬਾਰੇ ਅਧਿਐਨ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਕੁੱਝ ਮਦਦ ਕਰਨ ਦੇ ਉਦੇਸ਼ ਨਾਲ ਇਹ ਪੁਸਤਕ ਲਿੱਖੀ ਗਈ ਹੈ। ਭਾਂਵੇਂ ਅਧਿਐਨ ਲਈ ਇੱਥੇ ਉਹ ਸੰਸਕਰਣ ਵਰਤਿਆ ਗਿਆ ਹੈ, ਜੋ ਪ੍ਰੋ. ਪਿਆਰਾ ਸਿੰਘ 'ਪਦਮ' ਨੇ ਆਪਣੀ ਸੰਪਾਦਿਤ ਪ੍ਰਸਿੱਧ ਪੁਸਤਕ 'ਰਹਿਤਨਾਮੇ' ਵਿੱਚ ਦਿੱਤਾ ਹੈ, ਪਰ ਹੋਰਨਾਂ ਸੰਸਕਰਣਾਂ ਦਾ ਅਧਿਐਨ ਕਰਨ ਵਿੱਚ ਵੀ ਮੇਰਾ ਇਹ ਯਤਨ ਵਿਦਿਆਰਥੀਆਂ ਲਈ ਲਾਭਦਾਇਕ ਸਿੱਧ ਹੋਏਗਾ, ਮੈਂ ਅਜਿਹੀ ਉਮੀਦ ਰੱਖਦਾ ਹਾਂ। ਗੁਰਬਾਣੀ ਦੇ ਅਦਬ ਨੂੰ ਮੁੱਖ ਰੱਖਦਿਆਂ ਪ੍ਰੋ. ਪਿਆਰਾ ਸਿੰਘ 'ਪਦਮ' ਵੱਲੋਂ ਸੰਪਾਦਿਤ ਪੁਸਤਕ ਵਿੱਚ ਗੁਰਬਾਣੀ ਦੇ ਸ਼ਬਦ-ਜੋੜ ਆਦਿ ਨਾਲ ਸੰਬੰਧਿਤ ਗ਼ਲਤੀਆਂ ਨੂੰ ਸੁਧਾਰਣ ਦਾ ਯਤਨ ਕੀਤਾ ਗਿਆ ਹੈ।

ਉਮੀਦ ਕਰਦਾ ਹਾਂ ਕਿ ਵਿਦਿਆਰਥੀ ਇਸ ਪੁਸਤਕ ਸੰਬੰਧੀ ਆਪਣੇ ਵੀਚਾਰਾਂ ਤੋਂ ਮੈਂਨੂੰ ਜ਼ਰੂਰ ਜਾਣੂ ਕਰਵਾਉਣਗੇ।

ਜੁਲਾਈ, ੨੦੦੪.

ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ'
amrit1972@rediffmail.com